ਮਿੱਠੇ ਬੱਚੇ:- "ਮਿੱਠੇ ਬੱਚੇ ਕੰਮ ਕਾਜ ਕਰਦੇ ਹੋਏ ਵੀ ਇੱਕ ਬਾਪ ਦੀ ਯਾਦ ਰਹੇ, ਚਲਦੇ - ਫਿਰਦੇ ਬਾਪ ਅਤੇ ਘਰ ਨੂੰ ਯਾਦ ਕਰੋ, ਇਹ ਹੀ ਤੁਹਾਡੀ ਬਹਾਦੁਰੀ ਹੈ"

ਪ੍ਰਸ਼ਨ:- ਬਾਪ ਦਾ ਰਿਗਾਰਡ ਅਤੇ ਡਿਸ ਰਿਗਾਰਡ ਕਦੋਂ ਅਤੇ ਕਿਵੇਂ ਹੁੰਦਾ ਹੈ?

ਉੱਤਰ:- ਜਦੋਂ ਤੁਸੀਂ ਬੱਚੇ ਬਾਪ ਨੂੰ ਚੰਗੀ ਤਰ੍ਹਾਂ ਯਾਦ ਕਰਦੇ ਹੋ ਤਾਂ ਰਿਗਾਰਡ ਦਿੰਦੇ ਹੋ। ਜੇਕਰ ਕਹਿੰਦੇ ਯਾਦ ਕਰਨ ਦੀ ਫ਼ੁਰਸਤ ਨਹੀਂ ਹੈ ਤਾਂ ਇਹ ਵੀ ਜਿਵੇਂ ਡਿਸਰਿਗਾਰਡ ਹੈ। ਅਸਲ ਵਿੱਚ ਇਹ ਬਾਪ ਦਾ ਡਿਸਰਿਗਾਰਡ ਨਹੀਂ ਕਰਦੇ, ਇਹ ਤਾਂ ਆਪਣਾ ਹੀ ਡਿਸਰਿਗਾਰਡ ਕਰਦੇ ਹੋ ਇਸ ਲਈ ਨਾਮੀਗ੍ਰਾਮੀ ਸਿਰ੍ਫ ਭਾਸ਼ਣ ਵਿੱਚ ਨਹੀਂ ਲੇਕਿਨ ਯਾਦ ਦੀ ਯਾਤਰਾ ਵਿੱਚ ਬਣੋ, ਯਾਦ ਦਾ ਚਾਰਟ ਰੱਖੋ। ਯਾਦ ਨਾਲ ਹੀ ਆਤਮਾ ਸਤੋਪ੍ਰਧਾਨ ਬਣੇਗੀ।

ਓਮ ਸ਼ਾਂਤੀ। ਰੂਹਾਨੀ ਬੱਚਿਆਂ ਪ੍ਰਤੀ ਰੂਹਾਨੀ ਬਾਪ ਬੈਠ ਸਮਝਾਉਂਦੇ ਹਨ, ਇਹ ਜੋ 84 ਦੇ ਚੱਕਰ ਦਾ ਗਿਆਨ ਸਮਝਾਇਆ ਜਾਂਦਾ ਹੈ ਇਹ ਤਾਂ ਇੱਕ ਨਾਲੇਜ਼ ਹੈ। ਜੋ ਤਾਂ ਅਸੀਂ ਬੱਚਿਆਂ ਨੇ ਜਨਮ - ਜਨਮਾਨਤ੍ਰ ਪੜ੍ਹੀ ਹੈ ਅਤੇ ਧਾਰਨਾ ਕਰਦੇ ਆਏ ਹਾਂ। ਇਹ ਤਾਂ ਬਿਲਕੁੱਲ ਸਹਿਜ ਹੈ ਇਹ ਕੋਈ ਨਵੀਂ ਗੱਲ ਨਹੀਂ।

ਬਾਪ ਬੈਠ ਸਮਝਾਉਂਦੇ ਹਨ - ਸਤਿਯੁਗ ਤੋਂ ਲੈਕੇ ਕਲਯੁਗ ਅੰਤ ਤੱਕ ਤੁਸੀਂ ਕਿੰਨੇ ਪੁਨਰਜਨਮ ਲੀਤੇ ਹਨ। ਇਹ ਗਿਆਨ ਤਾਂ ਸਹਿਜ ਰੀਤੀ ਬੁੱਧੀ ਵਿੱਚ ਹੈ ਹੀ। ਇਹ ਵੀ ਇੱਕ ਪੜ੍ਹਾਈ ਹੈ, ਰਚਨਾ ਦੇ ਆਦਿ, ਮੱਧ, ਅੰਤ ਨੂੰ ਸਮਝਣਾ ਹੈ। ਸੋ ਬਾਪ ਦੇ ਸਿਵਾਏ ਹੋਰ ਕੋਈ ਸਮਝਾ ਨਹੀਂ ਸਕਦਾ। ਬਾਪ ਕਹਿੰਦੇ ਹਨ ਇਸ ਗਿਆਨ ਤੋਂ ਵੀ ਉੱਚ ਗੱਲ ਹੈ ਯਾਦ ਦੀ ਯਾਤਰਾ, ਜਿਸਨੂੰ ਯੋਗ ਕਿਹਾ ਜਾਂਦਾ ਹੈ। ਯੋਗ ਅੱਖਰ ਮਸ਼ਹੂਰ ਹੈ। ਪਰੰਤੂ ਇਹ ਹੈ ਯਾਦ ਦੀ ਯਾਤਰਾ। ਜਿਵੇਂ ਮਨੁੱਖ ਯਾਤਰਾ ਤੇ ਜਾਂਦੇ ਹਨ, ਕਹਿਣਗੇ ਅਸੀਂ ਫਲਾਣੇ ਤੀਰਥ ਯਾਤਰਾ ਤੇ ਜਾਂਦੇ ਹਾਂ। ਸ਼੍ਰੀਨਾਥ ਜਾਂ ਅਮਰਨਾਥ ਜਾਂਦੇ ਹਨ ਤਾਂ ਉਹ ਯਾਦ ਰਹਿੰਦਾ ਹੈ। ਹੁਣ ਤੁਸੀਂ ਜਾਣਦੇ ਹੋ ਰੂਹਾਨੀ ਬਾਪ ਤੇ ਬੜੀ ਲੰਬੀ ਯਾਤਰਾ ਸਿਖਾਉਂਦੇ ਹਨ ਕਿ ਮੈਨੂੰ ਯਾਦ ਕਰੋ। ਉਨ੍ਹਾਂ ਯਾਤਰਾਵਾਂ ਤੋਂ ਤਾਂ ਫੇਰ ਵਾਪਿਸ ਆ ਜਾਂਦੇ ਹਨ। ਇਹ ਉਹ ਯਾਤਰਾ ਹੈ ਜੋ ਮੁਕਤੀਧਾਮ ਵਿੱਚ ਜਾਕੇ ਨਿਵਾਸ ਕਰਨਾ ਹੈ। ਭਾਵੇਂ ਪਾਰ੍ਹ ਵਿੱਚ ਆਉਣਾ ਹੈ ਪਰੰਤੂ ਇਸ ਪੁਰਾਣੀ ਦੁਨੀਆਂ ਵਿੱਚ ਨਹੀਂ। ਇਸ ਪੁਰਾਣੀ ਦੁਨੀਆਂ ਨਾਲ ਤੁਹਾਨੂੰ ਵੈਰਾਗ ਹੈ। ਇਹ ਤਾਂ ਛੀ - ਛੀ ਰਾਵਣ ਰਾਜ ਹੈ। ਤਾਂ ਮੂਲ ਗੱਲ ਹੈ ਯਾਦ ਦੀ ਯਾਤਰਾ। ਕਈ ਬੱਚੇ ਇਹ ਵੀ ਨਹੀਂ ਸਮਝਦੇ ਹਨ ਕਿ ਕਿਵੇਂ ਯਾਦ ਕਰਨਾ ਹੈ। ਕੋਈ ਯਾਦ ਕਰਦੇ ਹਨ ਜਾਂ ਨਹੀਂ ਕਰਦੇ ਹਨ - ਇਹ ਵੇਖਣ ਵਿੱਚ ਤਾਂ ਕੋਈ ਚੀਜ਼ ਨਹੀਂ ਆਉਂਦੀ ਹੈ। ਬਾਪ ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝ ਮੈਨੂੰ ਬਾਪ ਨੂੰ ਯਾਦ ਕਰਨਾ ਹੈ। ਵੇਖਣ ਵਾਲੀ ਤਾਂ ਚੀਜ਼ ਨਹੀਂ। ਨਾ ਪਤਾ ਚਲ ਸਕਦਾ ਹੈ। ਇਹ ਉਸ ਅਵਸਥਾ ਵਿੱਚ ਕਿਥੋਂ ਤੱਕ ਯਾਦ ਦੀ ਯਾਤਰਾ ਵਿੱਚ ਕਾਇਮ ਰਹਿੰਦੇ ਹਨ, ਇਹ ਤਾਂ ਆਪੇ ਹੀ ਜਾਨਣ। ਯੁਕਤੀ ਤਾਂ ਬਹੁਤਿਆਂ ਨੂੰ ਦਸਦੇ ਹਨ। ਕਲਿਆਣਕਾਰੀ ਬਾਪ ਨੇ ਦੱਸਿਆ ਹੈ - ਆਪਣੇ ਨੂੰ ਆਤਮਾ ਸਮਝ ਸ਼ਿਵਬਾਬਾ ਨੂੰ ਯਾਦ ਕਰੋ। ਭਾਵੇਂ ਆਪਣੀ ਸਰਵਿਸ ਵੀ ਕਰਦੇ ਰਹੋ। ਜਿਵੇਂ ਮਿਸਾਲ - ਪਹਿਰੇ ਤੇ ਬੱਚੇ ਹਨ, ਚੱਕਰ ਲਗਾਉਂਦੇ ਰਹਿੰਦੇ ਹਨ, ਇਨ੍ਹਾਂ ਨੂੰ ਯਾਦ ਵਿੱਚ ਰਹਿਣਾ ਤਾਂ ਬਹੁਤ ਸਹਿਜ ਹੈ। ਸਿਵਾਏ ਬਾਪ ਦੀ ਯਾਦ ਦੇ ਹੋਰ ਕੁਝ ਯਾਦ ਨਹੀਂ ਆਉਣਾ ਚਾਹੀਦਾ। ਬਾਬਾ ਮਿਸਾਲ ਦਿੰਦੇ ਹਨ, ਉਸ ਯਾਦ ਦੀ ਯਾਤਰਾ ਵਿੱਚ ਹੀ ਆਵੋ, ਜਾਵੋ। ਜਿਵੇਂ ਪਾਦਰੀ ਲੋਕ ਜਾਂਦੇ ਹਨ, ਕਿੰਨਾ ਸਾਈਲੈਂਸ ਵਿੱਚ ਜਾਂਦੇ ਹਨ। ਤਾਂ ਤੁਸੀਂ ਬੱਚਿਆਂ ਨੂੰ ਵੀ ਬਹੁਤ ਪ੍ਰੇਮ ਨਾਲ ਬਾਪ ਅਤੇ ਘਰ ਨੂੰ ਯਾਦ ਕਰਨਾ ਹੈ। ਇਹ ਮੰਜਿਲ ਬਹੁਤ ਭਾਰੀ ਹੈ। ਭਗਤ ਲੋਕ ਵੀ ਇਹ ਹੀ ਪੁਰਸ਼ਾਰਥ ਕਰਦੇ ਰਹਿੰਦੇ ਹਨ। ਪ੍ਰੰਤੂ ਉਨ੍ਹਾਂ ਨੂੰ ਇਹ ਪਤਾ ਨਹੀਂ ਹੈ ਕਿ ਅਸੀਂ ਵਾਪਿਸ ਜਾਣਾ ਹੈ। ਉਹ ਤਾਂ ਸਮਝਦੇ ਹਨ ਜਦੋਂ ਕਲਯੁਗ ਪੂਰਾ ਹੋਵੇਗਾ, ਤਾਂ ਵਾਪਿਸ ਜਾਵਾਂਗੇ। ਉਨ੍ਹਾਂ ਨੂੰ ਵੀ ਇੰਵੇਂ ਸਿਖਾਉਣ ਵਾਲਾ ਤਾਂ ਕੋਈ ਹੈ ਨਹੀਂ। ਤੁਹਾਨੂੰ ਬੱਚਿਆਂ ਨੂੰ ਸਿਖਾਇਆ ਜਾਂਦਾ ਹੈ। ਜਿਵੇਂ ਪਹਿਰਾ ਦਿੰਦੇ ਹੋ ਤਾਂ ਇਕਾਂਤ ਵਿੱਚ ਜਿਨ੍ਹਾਂ ਬਾਪ ਨੂੰ ਯਾਦ ਕਰੋਗੇ ਉਨਾਂ ਚੰਗਾ ਹੈ। ਯਾਦ ਨਾਲ ਪਾਪ ਕੱਟਦੇ ਹਨ। ਜਨਮ - ਜਨਮਾਨਤ੍ਰ ਦੇ ਪਾਪ ਸਿਰ ਤੇ ਹਨ। ਜੋ ਪਹਿਲਾਂ ਸਤੋਪ੍ਰਧਾਨ ਬਣਦੇ ਹਨ ਰਾਮਰਾਜ ਵਿੱਚ ਵੀ ਪਹਿਲਾਂ ਉਹ ਜਾਂਦੇ ਹਨ। ਤਾਂ ਉਨ੍ਹਾਂ ਨੇ ਹੀ ਸਭ ਤੋਂ ਜ਼ਿਆਦਾ ਯਾਦ ਦੀ ਯਾਤਰਾ ਵਿੱਚ ਰਹਿਣਾ ਹੈ। ਕਲਪ - ਕਲਪ ਦੀ ਗੱਲ ਹੈ। ਤਾਂ ਉਨ੍ਹਾਂ ਨੂੰ ਯਾਦ ਦੀ ਯਾਤਰਾ ਵਿੱਚ ਰਹਿਣ ਦਾ ਚੰਗਾ ਮੌਕਾ ਹੈ। ਇੱਥੇ ਤਾਂ ਕੋਈ ਲੜ੍ਹਾਈ ਝਗੜ੍ਹੇ ਦੀ ਗੱਲ ਹੀ ਨਹੀਂ ਹੈ। ਆਉਂਦੇ - ਜਾਂਦੇ ਅਤੇ ਬੈਠਦੇ ਇੱਕ ਪੰਥ, ਦੋ ਕੰਮ - ਪਹਿਰਾ ਵੀ ਦੇਵੋ, ਬਾਪ ਨੂੰ ਵੀ ਯਾਦ ਕਰੋ। ਕਰਮ ਕਰਦੇ ਬਾਪ ਨੂੰ ਯਾਦ ਕਰਦੇ ਰਹੋ। ਪਹਿਰੇ ਵਾਲੇ ਦਾ ਤਾਂ ਸਭ ਤੋਂ ਜ਼ਿਆਦਾ ਫਾਇਦਾ ਹੈ। ਭਾਵੇਂ ਦਿਨ ਹੋਵੇ, ਭਾਵੇਂ ਰਾਤ ਨੂੰ ਜੋ ਪਹਿਰਾ ਦਿੰਦੇ ਹਨ, ਉਨ੍ਹਾਂ ਦੇ ਲਈ ਬਹੁਤ ਫ਼ਾਇਦਾ ਹੈ। ਜੇਕਰ ਇਹ ਯਾਦ ਰਹਿਣ ਦੀ ਆਦਤ ਪੈ ਜਾਵੇ ਤਾਂ। ਬਾਪ ਨੇ ਇਹ ਸਰਵਿਸ ਬਹੁਤ ਵਧੀਆ ਦਿੱਤੀ ਹੈ, ਪਹਿਰਾ ਅਤੇ ਯਾਦ ਦੀ ਯਾਤਰਾ। ਇਹ ਵੀ ਮੌਕਾ ਮਿਲਦਾ ਹੈ ਬਾਪ ਦੀ ਯਾਦ ਵਿੱਚ ਰਹਿਣ ਦਾ। ਇਹ ਵੱਖ - ਵੱਖ ਯੁਕਤੀਆਂ ਦਸੀਆਂ ਜਾਂਦੀਆਂ ਹਨ- ਯਾਦ ਦੀ ਯਾਤਰਾ ਵਿੱਚ ਰਹਿਣ ਦੀਆਂ। ਇੱਥੇ ਤੁਸੀਂ ਜਿਨ੍ਹਾਂ ਯਾਦ ਵਿੱਚ ਰਹਿ ਸਕੋਗੇ ਉਤਨਾ ਬਾਹਰ ਧੰਦੇ ਆਦਿ ਵਿੱਚ ਨਹੀਂ ਇਸ ਲਈ ਮਧੁੱਬਣ ਵਿੱਚ। ਆਉਂਦੇ ਹਨ ਰੀਫਰੇਸ਼ ਹੋਣ। ਇਕਾਂਤ ਵਿੱਚ ਜਾਕੇ ਇੱਕ ਪਹਾੜੀ ਤੇ ਬੈਠ ਯਾਦ ਦੀ ਯਾਤਰਾ ਵਿੱਚ ਰਹੋ ਫੇਰ ਇੱਕ ਜਾਵੇ ਜਾਂ 2 - 3 ਜਾਣ। ਇਹ ਚਾਂਸ ਬਹੁਤ ਵਧੀਆ ਹੈ ਇਹ ਹੀ ਮੁੱਖ ਹੈ ਬਾਪ ਦੀ ਯਾਦ। ਭਾਰਤ ਦਾ ਪ੍ਰਾਚੀਨ ਯੋਗ ਮਸ਼ਹੂਰ ਵੀ ਬਹੁਤ ਹੈ। ਹੁਣ ਤੁਸੀਂ ਸਮਝਦੇ ਹੋ ਇਸ ਯਾਦ ਦੀ ਯਾਤਰਾ ਨਾਲ ਪਾਪ ਕੱਟਦੇ ਹਨ।

ਅਸੀਂ ਸਤੋਪ੍ਰਧਾਨ ਬਣ ਜਾਵਾਂਗੇ। ਤਾਂ ਇਸ ਵਿੱਚ ਪੁਰਸ਼ਾਰਥ ਬਹੁਤ ਚੰਗਾ ਕਰਨਾ ਹੈ, ਬਹਾਦੁਰੀ ਤਾਂ ਇਸ ਵਿੱਚ ਹੈ ਜੋ ਕੰਮ ਕਰਦੇ ਬਾਪ ਨੂੰ ਯਾਦ ਕਰਕੇ ਵਿਖਾਓ। ਕਰਮ ਤਾਂ ਕਰਨਾ ਹੀ ਹੈ ਕਿਉਂਕਿ ਤੁਸੀਂ ਹੋ ਪ੍ਰਵ੍ਰਿਤੀ ਮਾਰਗ ਵਾਲੇ। ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਧੰਧਾ ਆਦਿ ਕਰਦੇ ਬੁੱਧੀ ਵਿੱਚ ਬਾਪ ਦੀ ਯਾਦ ਰਹੇ, ਇਸ ਵਿੱਚ ਤੁਹਾਡੀ ਬਹੁਤ - ਬਹੁਤ ਕਮਾਈ ਹੈ। ਭਾਵੇਂ ਹਾਲੇ ਕਈ ਬੱਚਿਆਂ ਦੀ ਬੁੱਧੀ ਵਿੱਚ ਨਹੀਂ ਆਉਂਦਾ ਹੈ। ਬਾਪ ਕਹਿੰਦੇ ਰਹਿੰਦੇ ਹਨ ਚਾਰਟ ਰੱਖੋ। ਥੋੜ੍ਹਾ ਬਹੁਤ ਕਈ ਲਿਖਦੇ ਹਨ। ਬਾਪ ਯੁਕਤੀਆਂ ਤਾਂ ਬਹੁਤ ਦਸਦੇ ਹਨ। ਬੱਚੇ ਚਾਹੁੰਦੇ ਹਨ ਬਾਬਾ ਦੇ ਕੋਲ ਜਾਈਏ। ਇੱਥੇ ਬਹੁਤ ਕਮਾਈ ਕਰ ਸਕਦੇ ਹਨ। ਇਕਾਂਤ ਬਹੁਤ ਵਧੀਆ ਹੈ। ਬਾਪ ਸਾਹਮਣੇ ਬੈਠ ਸਮਝਾਉਂਦੇ ਹਨ ਮੈਨੂੰ ਯਾਦ ਕਰੋ ਤਾਂ ਪਾਪ ਕੱਟ ਜਾਣ ਕਿਉਂਕਿ ਜਨਮ - ਜਨਮਾਨਤ੍ਰ ਦੇ ਪਾਪ ਸਿਰ ਤੇ ਹਨ। ਵਿਕਾਰ ਦੇ ਲਈ ਕਿਨ੍ਹੇ ਝਗੜ੍ਹੇ ਚਲਦੇ ਹਨ, ਵਿਘਨ ਪੈਂਦੇ ਹਨ। ਕਹਿੰਦੇ ਹਨ ਬਾਬਾ ਸਾਨੂੰ ਪਵਿੱਤਰ ਰਹਿਣ ਨਹੀਂ ਦਿੰਦੇ। ਬਾਪ ਕਹਿੰਦੇ ਹਨ - ਬੱਚੇ, ਤੁਸੀਂ ਯਾਦ ਦੀ ਯਾਤਰਾ ਵਿੱਚ ਰਹਿ ਜਨਮ- ਜਨਮਾਨਤ੍ਰ ਦੇ ਪਾਪ ਜੋ ਸਿਰ ਤੇ ਹਨ, ਉਹ ਬੋਝਾ ਉਤਾਰੋ। ਘਰ ਬੈਠੇ ਸ਼ਿਵਬਾਬਾ ਨੂੰ ਯਾਦ ਕਰਦੇ ਰਹੋ। ਯਾਦ ਤਾਂ ਕਿਤੇ ਵੀ ਬੈਠਕੇ ਕਰ ਸਕਦੇ ਹੋ। ਕਿਤੇ ਵੀ ਰਹਿੰਦੇ ਇਹ ਪ੍ਰੈਕਟਿਸ ਕਰਨੀ ਹੈ। ਜੋ ਵੀ ਆਵੇ ਉਨ੍ਹਾਂ ਨੂੰ ਵੀ ਪੈਗਾਮ ਦੇਵੋ। ਬਾਪ ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ, ਇਸਨੂੰ ਹੀ ਯੋਗਬਲ ਕਿਹਾ ਜਾਂਦਾ ਹੈ। ਬਲ ਮਾਨਾ ਤਾਕਤ, ਸ਼ਕਤੀ। ਬਾਪ ਨੂੰ ਸ੍ਰਵਸ਼ਕਤੀਮਾਨ ਕਹਿੰਦੇ ਹਨ ਨਾ। ਤਾਂ ਉਹ ਸ਼ਕਤੀ ਬਾਪ ਤੋਂ ਕਿਵੇਂ ਮਿਲੇਗੀ? ਬਾਪ ਖ਼ੁਦ ਕਹਿੰਦੇ ਹਨ ਮੈਨੂੰ ਯਾਦ ਕਰੋ। ਤੁਸੀਂ ਹੇਠਾਂ ਉਤਰਦੇ - ਉਤਰਦੇ ਤਮੋਪ੍ਰਧਾਨ ਬਣ ਗਏ ਹੋ ਤਾਂ ਉਹ ਸ਼ਕਤੀ ਬਿਲਕੁਲ ਖ਼ਤਮ ਹੋ ਗਈ ਹੈ। ਪਾਈ ਦੀ ਵੀ ਨਹੀਂ ਰਹੀ ਹੈ। ਤੁਹਾਡੇ ਵਿੱਚ ਵੀ ਕਈ ਹਨ ਜੋ ਚੰਗੀ ਰੀਤੀ ਸਮਝਾਉਂਦੇ ਹਨ, ਬਾਪ ਨੂੰ ਯਾਦ ਕਰਦੇ ਹਨ।

ਤਾਂ ਆਪਣੇ ਨੂੰ ਪੁੱਛਣਾ ਹੈ ਸਾਡਾ ਚਾਰਟ ਕਿਵੇਂ ਰਹਿੰਦਾ ਹੈ ? ਬਾਪ ਤਾਂ ਸਭ ਬੱਚਿਆਂ ਨੂੰ ਕਹਿੰਦੇ ਹਨ ਯਾਦ ਦੀ ਯਾਤਰਾ ਮੁੱਖ ਹੈ। ਯਾਦ ਨਾਲ ਹੀ ਤੁਹਾਡੇ ਪਾਪ ਕੱਟਣਗੇ। ਭਾਵੇਂ ਕੋਈ ਸਾਵਧਾਨ ਕਰਨ ਵਾਲਾ ਵੀ ਨਾ ਹੋਵੇ ਤਾਂ ਵੀ ਬਾਪ ਨੂੰ ਯਾਦ ਕਰ ਸਕਦੇ ਹੋ ਨਾ। ਭਾਵੇਂ ਵਲਾਇਤ ਵਿੱਚ ਇਕੱਲੇ ਰਹੋ, ਤਾਂ ਵੀ ਯਾਦ ਵਿੱਚ ਰਹਿ ਸਕਦੇ ਹੋ। ਸਮਝੋ ਕੋਈ ਸ਼ਾਦੀ ਕੀਤਾ ਹੋਇਆ ਹੈ, ਇਸਤ੍ਰੀ ਕਿਸੇ ਹੋਰ ਜਗ੍ਹਾ ਤੇ ਹੈ, ਤਾਂ ਉਨ੍ਹਾਂ ਨੂੰ ਵੀ ਲਿਖ ਸਕਦੇ ਹੋ - ਤੁਸੀਂ ਇੱਕ ਗੱਲ ਸਿਰ੍ਫ ਯਾਦ ਕਰੋ - ਬਾਪ ਨੂੰ ਯਾਦ ਕਰੋ ਤਾਂ ਜਨਮ - ਜਨਮਾਨਤ੍ਰ ਦੇ ਪਾਪ ਭਸਮ ਹੋ ਜਾਣਗੇ। ਵਿਨਾਸ਼ ਸਾਮਣੇ ਖੜ੍ਹਾ ਹੈ। ਬਾਪ ਯੁਕਤੀਆਂ ਤਾਂ ਬਹੁਤ ਵਧੀਆ ਸਮਝਾਉਂਦੇ ਰਹਿੰਦੇ ਹਨ ਫੇਰ ਕੋਈ ਕਰੇ, ਨਾ ਕਰੇ, ਉਨ੍ਹਾਂ ਦੀ ਮਰਜ਼ੀ। ਬੱਚੇ ਵੀ ਸਮਝਦੇ ਹੋਣਗੇ ਕਿ ਬਾਪ ਰਾਏ ਤਾਂ ਬੜੀ ਵਧੀਆ ਦਿੰਦੇ ਹਨ। ਸਾਡਾ ਕੰਮ ਹੈ ਮਿਤ੍ਰ ਸਬੰਧੀ ਆਦਿ ਜੋ ਮਿਲੇ, ਸਭਨੂੰ ਪੈਗਾਮ ਦੇਣਾ। ਦੋਸਤ ਹੋਵੇ ਜਾਂ ਕੋਈ ਵੀ ਹੋਵੇ, ਸਰਵਿਸ ਦਾ ਸ਼ੌਂਕ ਚਾਹੀਦਾ ਹੈ। ਤੁਹਾਡੇ ਕੋਲ ਚਿੱਤਰ ਤਾਂ ਹਨ, ਬੈਜ਼ ਵੀ ਹਨ। ਇਹ ਬੜੀ ਵਧੀਆ ਚੀਜ ਹੈ। ਬੈਜ ਕਿਸੇ ਨੂੰ ਵੀ ਲਕਸ਼ਮੀ - ਨਾਰਾਇਣ ਬਣਾ ਸਕਦਾ ਹੈ। ਤ੍ਰਿਮੂਰਤੀ ਦੇ ਚਿੱਤਰ ਤੇ ਚੰਗੀ ਤਰ੍ਹਾਂ ਸਮਝਾਉਣਾ ਹੈ, ਇਨ੍ਹਾਂ ਦੇ ਉਪਰ ਸ਼ਿਵ ਹੈ। ਉਹ ਲੋਕ ਤ੍ਰਿਮੂਰਤੀ ਬਣਾਉਂਦੇ ਹਨ, ਉਪਰ ਵਿੱਚ ਸ਼ਿਵ ਵਿਖਾਉਂਦੇ ਨਹੀਂ। ਸ਼ਿਵ ਨੂੰ ਨਾ ਜਾਣਨ ਦੇ ਕਰਨ ਭਾਰਤ ਦਾ ਬੇੜਾ ਡੁੱਬਿਆ ਹੋਇਆ ਹੈ। ਹੁਣ ਸ਼ਿਵਬਾਬਾ ਦੁਆਰਾ ਹੀ ਭਾਰਤ ਦਾ ਬੇੜਾ ਪਾਰ ਹੁੰਦਾ ਹੈ। ਪੁਕਾਰਦੇ ਹਨ ਪਤਿਤ ਪਾਵਨ ਆਕੇ ਸਾਨੂੰ ਪਤਿਤਾਂ ਨੂੰ ਪਾਵਨ ਬਣਾਓ ਫੇਰ ਵੀ ਸਰਵਵਿਆਪੀ ਕਹਿ ਦਿੰਦੇ ਹਨ। ਕਿੰਨੀ ਪਾਈ ਪੈਸੇ ਦੀ ਭੁੱਲ ਹੈ। ਬਾਪ ਬੈਠ ਸਮਝਾਉਂਦੇ ਹਨ ਤੁਸੀਂ ਇੰਵੇਂ - ਇੰਵੇਂ ਭਾਸ਼ਣ ਕਰਨਾ ਹੈ। ਬਾਪ ਵੀ ਡਾਇਰੈਕਸ਼ਨ ਦਿੰਦੇ ਰਹਿੰਦੇ ਹਨ - ਇੰਵੇਂ ਮਿਊਜ਼ੀਅਮ ਖੋਲੋ, ਸਰਵਿਸ ਕਰੋ ਤਾਂ ਬਹੁਤ ਅੱਗੇ ਆਉਣਗੇ। ਸਰਕਸ ਵੀ ਵੱਡੇ - ਵੱਡੇ ਸ਼ਹਿਰਾਂ ਵਿੱਚ ਖੋਲ੍ਹਦੇ ਹਨ ਨਾ। ਕਿੰਨਾ ਉਨ੍ਹਾਂ ਦੇ ਕੋਲ ਸਮਾਨ ਰਹਿੰਦਾ ਹੈ। ਪਿੰਡ - ਪਿੰਡ ਵਿਚੋਂ ਵੇਖਣ ਦੇ ਲਈ ਲੋਕ ਆਉਂਦੇ ਹਨ ਇਸ ਲਈ ਬਾਬਾ ਕਹਿੰਦੇ ਹਨ ਤੁਸੀਂ ਵੀ ਅਜਿਹਾ ਖ਼ੂਬਸੂਰਤ ਮਿਊਜ਼ੀਅਮ ਬਣਾਓ, ਜੋ ਵੇਖ ਕੇ ਖੁਸ਼ ਹੋ ਜਾਣ ਫੇਰ ਹੋਰਾਂ ਨੂੰ ਆਕੇ ਸੁਣਾਉਣ। ਇਹ ਵੀ ਸਮਝਾਉਂਦੇ ਹਨ ਜੋ ਕੁਝ ਸਰਵਿਸ ਹੁੰਦੀ ਹੈ, ਕਲਪ ਪਹਿਲੇ ਮਿਸਲ ਹੁੰਦੀ ਹੈ, ਪਰੰਤੂ ਸਤੋਪ੍ਰਧਾਨ ਬਣਨ ਦਾ ਔਣਾ (ਧਿਆਨ) ਬਹੁਤ ਰੱਖਣਾ ਹੈ। ਇਸ ਵਿੱਚ ਹੀ ਬੱਚੇ ਗਫ਼ਲਤ ਕਰਦੇ ਹਨ। ਮਾਇਆ ਵਿਘਨ ਵੀ ਇਸ ਯਾਦ ਦੀ ਯਾਤਰਾ ਵਿੱਚ ਪਾਉਂਦੀ ਹੈ। ਆਪਣੇ ਦਿਲ ਤੋਂ ਪੁੱਛਣਾ ਹੈ - ਇਨ੍ਹਾਂ ਸਾਨੂੰ ਸ਼ੌਂਕ ਹੈ, ਮੇਹਨਤ ਕਰਦੇ ਹਾਂ? ਗਿਆਨ ਤੇ ਕਾਮਨ ਗੱਲ ਹੈ। ਬਾਪ ਬਿਨਾਂ 84 ਦਾ ਚੱਕਰ ਕੋਈ ਸਮਝਾ ਨਾ ਸਕੇ। ਬਾਕੀ ਯਾਦ ਦੀ ਯਾਤਰਾ ਹੈ ਮੁੱਖ। ਪਿਛਾੜੀ ਵਿੱਚ ਕੋਈ ਵੀ ਯਾਦ ਨਾ ਆਵੇ ਸਿਵਾਏ ਇੱਕ ਬਾਪ ਦੇ। ਡਾਇਰੈਕਸ਼ਨ ਤਾਂ ਬਾਪ ਪੂਰੇ ਦਿੰਦੇ ਰਹਿੰਦੇ ਹਨ। ਮੁੱਖ ਗੱਲ ਹੈ ਯਾਦ ਕਰਨ ਦੀ। ਤੁਸੀਂ ਕਿਸੇ ਨੂੰ ਵੀ ਸਮਝਾ ਸਕਦੇ ਹੋ। ਭਾਵੇਂ ਕੋਈ ਵੀ ਹੋਵੇ ਤੁਸੀਂ ਸਿਰ੍ਫ ਬੈਜ ਤੇ ਸਮਝਾਓ। ਹੋਰ ਕਿਸੇ ਦੇ ਕੋਲ ਇੰਵੇਂ ਅਰਥ ਸਮੇਤ ਮੈਡਲ ਨਹੀਂ ਹੁੰਦੇ। ਮਿਲਟਰੀ ਵਾਲੇ ਚੰਗਾ ਕੰਮ ਕਰਦੇ ਹਨ ਤਾਂ ਉਨ੍ਹਾਂ ਨੂੰ ਮੈਡਲ ਮਿਲਦੇ ਹਨ। ਰਾਏ ਸਾਹਿਬ ਦਾ ਮੈਡਲ, ਸਭ ਵੇਖਣਗੇ ਇਨ੍ਹਾਂਨੂੰ ਵਾਇਸਰਾਏ ਤੋਂ ਟਾਈਟਲ ਮਿਲਿਆ ਹੈ। ਪਹਿਲੋਂ ਵਾਇਸਰਾਏ ਹੁੰਦੇ ਸਨ। ਹੁਣ ਤਾਂ ਉਨਾਂ ਕੋਲ ਕੋਈ ਪਾਵਰ ਨਹੀਂ ਹੈ। ਹੁਣ ਤਾਂ ਕਿੰਨੇ ਝਗੜ੍ਹੇ ਲਗੇ ਪਏ ਹਨ। ਮਨੁੱਖ ਬਹੁਤ ਹੋ ਗਏ ਹਨ ਤਾਂ ਉਨ੍ਹਾਂ ਲਈ ਜ਼ਮੀਨ ਚਾਹੀਦੀ ਹੈ ਸ਼ਹਿਰ ਵਿੱਚ। ਹੁਣ ਬਾਬਾ ਸ੍ਵਰਗ ਦੀ ਸਥਾਪਨਾ ਕਰ ਰਹੇ ਹਨ, ਇੰਨੇ ਸਭ ਖ਼ਲਾਸ ਹੋ ਬਾਕੀ ਕਿੰਨੇ ਥੋੜ੍ਹੇ ਜਾਕੇ ਰਹਿਣਗੇ। ਜਮੀਨ ਢੇਰ ਹੋਵੇਗੀ। ਉੱਥੇ ਤਾਂ ਸਭ ਕੁਝ ਨਵਾਂ ਹੋਵੇਗਾ। ਉਸ ਨਵੀਂ ਦੁਨੀਆਂ ਵਿੱਚ ਜਾਣ ਲਈ ਫੇਰ ਚੰਗੀ ਤਰ੍ਹਾਂ ਪੁਰਸ਼ਾਰਥ ਕਰਨਾ ਹੈ। ਹਰ ਇੱਕ ਮਨੁੱਖ ਪੁਰਸ਼ਾਰਥ ਕਰਦਾ ਹੈ ਉੱਚ ਪਦ ਪਾਉਣ ਦਾ। ਕੋਈ ਪੂਰਾ ਪੁਰਸ਼ਾਰਥ ਨਹੀਂ ਕਰਦੇ ਤਾਂ ਸਮਝਦੇ ਹਨ ਨਾਪਾਸ ਜੋ ਜਾਣਗੇ। ਆਪ ਵੀ ਸਮਝਦੇ ਹਨ ਅਸੀਂ ਫੇਲ੍ਹ ਹੋ ਜਾਵਾਂਗੇ ਫੇਰ ਪੜਾਈ ਆਦਿ ਛੱਡਕੇ ਨੌਕਰੀ ਆਦਿ ਵਿੱਚ ਲਗ ਜਾਂਦੇ ਹਨ। ਅੱਜਕਲ੍ਹ ਤਾਂ ਨੌਕਰੀਆਂ ਆਦਿ ਵਿੱਚ ਵੀ ਬਹੁਤ ਕਠਿਨ ਕਾਇਦੇ ਕੱਡਦੇ ਰਹਿੰਦੇ ਹਨ। ਮਨੁੱਖ ਬਹੁਤ ਦੁੱਖੀ ਹਨ। ਹੁਣ ਬਾਬਾ ਤੁਹਾਨੂੰ ਅਜਿਹਾ ਰਸਤਾ ਦਸਦੇ ਹਨ ਜੋ 21 ਜਨਮ ਕਦੇ ਦੁੱਖ ਦਾ ਨਾਮ ਨਹੀ ਰਹੇਗਾ। ਬਾਪ ਕਹਿੰਦੇ ਹਨ ਸਿਰ੍ਫ ਯਾਦ ਦੀ ਯਾਤਰਾ ਵਿੱਚ ਰਹੋ। ਜਿਨ੍ਹਾਂ ਹੋ ਸਕੇ ਰਾਤ ਨੂੰ ਬਹੁਤ ਵਧੀਆ ਹੈ। ਭਾਵੇਂ ਲੇਟੇ ਹੋਏ ਯਾਦ ਕਰੋ। ਕਿਸੇ ਨੂੰ ਫੇਰ ਨੀਂਦ ਆ ਜਾਂਦੀ ਹੈ। ਬੁੱਢਾ ਹੋਵੇਗਾ ਤਾਂ ਜ਼ਿਆਦਾ ਬੈਠ ਨਹੀਂ ਸਕੇਗਾ ਤਾਂ ਜ਼ਰੂਰ ਸੋ ਜਾਵੇਗਾ। ਲੇਟੇ ਹੋਏ ਬਾਪ ਨੂੰ ਯਾਦ ਕਰਦੇ ਰਹਿਣਗੇ। ਬੜੀ ਖੁਸ਼ੀ ਅੰਦਰ ਵਿੱਚ ਹੁੰਦੀ ਰਹੇਗੀ ਕਿਉਂਕਿ ਬਹੁਤ - ਬਹੁਤ ਕਮਾਈ ਹੈ। ਇਹ

ਤਾਂ ਸਮਝਦੇ ਹਨ - ਟਾਈਮ ਪਿਆ ਹੈ ਪਰੰਤੂ ਮੌਤ ਦਾ ਕੋਈ ਠਿਕਾਣਾ ਨਹੀਂ। ਤਾਂ ਬਾਪ ਸਮਝਾਉਂਦੇ ਹਨ ਮੂਲ ਹੈ ਯਾਦ ਦੀ ਯਾਤਰਾ ਬਾਹਰ ਸ਼ਹਿਰ ਵਿੱਚ ਮੁਸ਼ਕਿਲ ਹੈ। ਇੱਥੇ ਆਉਂਦੇ ਹਨ ਤਾਂ ਬੜਾ ਵਧੀਆ ਮੌਕਾ ਮਿਲਦਾ ਹੈ। ਕੋਈ ਫ਼ਿਕਰ ਦੀ ਗੱਲ ਨਹੀਂ ਇੱਥੇ ਚਾਰਟ ਵਧਾਉਂਦੇ ਰਹੋ। ਤੁਹਾਡੇ ਕਰੈਕਟਰਸ ਵੀ ਇਸ ਨਾਲ ਸੁਧਰਦੇ ਜਾਣਗੇ। ਪਰੰਤੂ ਮਾਇਆ ਬੜੀ ਦੁਸ਼ਤਰ ਹੈ। ਘਰ ਵਿੱਚ ਰਹਿਣ ਵਾਲਿਆਂ ਨੂੰ ਇਨਾਂ ਕਦਰ ਨਹੀਂ ਰਹਿੰਦਾ ਹੈ, ਜਿਨ੍ਹਾਂ ਬਾਹਰ ਵਾਲਿਆਂ ਨੂੰ ਹੈ। ਫੇਰ ਵੀ ਇਸ ਵਕ਼ਤ ਗੋਪਾਂ ਦੀ ਰਿਜ਼ਲਟ ਚੰਗੀ ਹੈ।

ਕਈ ਬੱਚਿਆਂ ਲਿਖਦੀਆਂ ਹਨ ਸ਼ਾਦੀ ਦੇ ਲਈ ਬਹੁਤ ਤੰਗ ਕਰਦੇ ਹਨ, ਕੀ ਕਰੀਏ? ਜੋ ਮਜਬੂਤ ਸੈਂਸੀਬੂਲ ਬੱਚਿਆਂ ਹੋਣਗੀਆਂ ਉਹ ਕਦੇ ਇੰਵੇਂ ਲਿਖਣਗੀਆਂ ਨਹੀਂ। ਲਿਖਦੀਆਂ ਹਨ ਤਾਂ ਬਾਬਾ ਸਮਝ ਜਾਂਦੇ ਹਨ - ਰੀੜ ਬੱਕਰੀ ਹੈ। ਇਹ ਤਾਂ ਆਪਣੇ ਹੱਥ ਵਿੱਚ ਹੈ ਜੀਵਨ ਨੂੰ ਬਚਾਉਣਾ। ਇਸ ਦੁਨੀਆਂ ਵਿੱਚ ਅਨੇਕ ਤਰ੍ਹਾਂ ਦੇ ਦੁੱਖ ਹਨ। ਹੁਣ ਬਾਬਾ ਤੇ ਸਹਿਜ ਦਸਦੇ ਹਨ।

ਤੁਸੀਂ ਬੱਚੇ ਤਾਂ ਮਹਾਨ ਭਾਗਿਆਸ਼ਾਲੀ ਹੋ, ਜੋ ਆਕਰ ਸਾਹਿਬਜ਼ਾਦੇ ਬਣੇ ਹੋ। ਬਾਪ ਕਿੰਨਾ ਉਚ ਬਣਾਉਂਦੇ ਹਨ। ਫੇਰ ਵੀ ਤੁਸੀਂ ਬਾਪ ਨੂੰ ਗਾਲੀ ਦਿੰਦੇ ਹੋ, ਉਹ ਵੀ ਕੱਚੀ ਗਾਲੀ। ਇਤਨੇ ਤਮੋਪ੍ਰਧਾਨ ਬਣੇ ਹੋ ਜੋ ਬਾਤ ਮਤ ਪੁੱਛੋਂ। ਇਸ ਤੋਂ ਜ਼ਿਆਦਾ ਹੋਰ ਕੀ ਸਹਿਣ ਕਰਣਗੇ। ਕਹਿੰਦੇ ਹਨ ਨਾ - ਜ਼ਿਆਦਾ ਤੰਗ ਕਰਣਗੇ ਤਾਂ ਖ਼ਤਮ ਕਰ ਦੇਣਗੇ। ਤਾਂ ਇਹ ਬਾਪ ਬੈਠ ਸਮਝਾਉਂਦੇ ਹਨ। ਸ਼ਾਸਤਰਾਂ ਵਿੱਚ ਤਾਂ ਕਹਾਣੀਆਂ ਲਿਖ ਦੀ ਹੈਂ । ਬਾਬਾ ਯੁਕਤੀ ਤਾਂ ਬਹੁਤ ਸਹਿਜ ਦਸਦੇ ਹਨ। ਕਰਮ ਕਰਦੇ ਹੋਏ ਯਾਦ ਕਰੋ, ਇਸ ਵਿੱਚ ਬਹੁਤ - ਬਹੁਤ ਫਾਇਦਾ ਹੈ। ਸਵੇਰੇ ਆਕਰ ਯਾਦ ਵਿੱਚ ਬੈਠੋ। ਬਹੁਤ ਮਜ਼ਾ ਆਵੇਗਾ। ਪਰੰਤੂ ਇਤਨਾ ਸ਼ੋਂਕ ਨਹੀਂ ਹੈ। ਟੀਚਰ ਸਟੂਡੈਂਟ ਦੀ ਚਲਣ ਤੋਂ ਸਮਝ ਜਾਂਦੇ ਹਨ - ਇਹ ਫੇਲ੍ਹ ਹੋ ਜਾਣਗੇ। ਬਾਪ ਵੀ ਸਮਝਦੇ ਹਨ - ਇਹ ਫੇਲ੍ਹ ਹੋ ਜਾਣਗੇ, ਉਹ ਵੀ ਕਲਪ - ਕਲਪਾਂਤਰ ਦੇ ਲਈ। ਭਾਵੇਂ ਭਾਸ਼ਣ ਵਿੱਚ ਤਾਂ ਬਹੁਤ ਹੋਸ਼ਿਆਰ ਹਨ, ਪ੍ਰਦਰਸ਼ਨੀ ਵੀ ਸਮਝਾ ਲੈਂਦੇ ਹਨ ਪ੍ਰੰਤੂ ਯਾਦ ਹੈ ਨਹੀਂ, ਇਸ ਵਿੱਚ ਫੇਲ੍ਹ ਹੋ ਜਾਂਦੇ ਹਨ। ਇਹ ਵੀ ਜਿਵੇਂ ਡਿਸਰਿਗਾਰਡ ਕਰਦੇ ਹਨ। ਆਪਣਾ ਹੀ ਕਰਦੇ ਹਨ, ਸ਼ਿਵਬਾਬਾ ਦਾ ਤਾਂ ਡਿਸਰਿਗਾਰਡ ਹੁੰਦਾ ਨਹੀਂ। ਇੰਵੇਂ ਕੋਈ ਕਹਿ ਨਹੀਂ ਸਕਦਾ ਕਿ ਸਾਨੂੰ ਫ਼ੁਰਸਤ ਹੀ ਨਹੀਂ ਯਾਦ ਕਰਨ ਦੀ। ਬਾਬਾ ਮਨਣਗੇ ਨਹੀਂ। ਸ਼ਨਾਣ ਕਰਦੇ ਵੀ ਯਾਦ ਕਰ ਸਕਦੇ ਹੋ। ਭੋਜਣ ਕਰਦੇ ਸਮੇਂ ਬਾਪ ਨੂੰ ਯਾਦ ਕਰੋ, ਇਸ ਵਿੱਚ ਬਹੁਤ - ਬਹੁਤ ਕਮਾਈ ਹੈ। ਕਈ ਬੱਚੇ ਸਿਰ੍ਫ ਭਾਸ਼ਣ ਵਿੱਚ ਨਾਮੀਗ੍ਰਾਮੀ ਹਨ, ਯੋਗ ਹੈ ਨਹੀਂ। ਉਹ ਹੰਕਾਰ ਵੀ ਡਿਗਾ ਦਿੰਦਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸ੍ਵਸ਼ਕਤੀਮਾਨ ਬਾਪ ਤੋਂ ਸ਼ਕਤੀ ਲੈਣ ਦੇ ਲਈ ਯਾਦ ਦਾ ਚਾਰਟ ਵਧਾਉਣਾ ਹੈ। ਯਾਦ ਦੀਆਂ ਵੱਖ - ਵੱਖ ਯੁਕਤੀਆਂ ਰਚਨੀ ਹੈ। ਇਕਾਂਤ ਵਿੱਚ ਬੈਠ ਵਿਸ਼ੇਸ਼ ਕਮਾਈ ਜਮਾਂ ਕਰਨੀ ਹੈ।

2. ਸਤੋਪ੍ਰਧਾਨ ਬਣਨ ਦਾ ਫਿਕਰ ਰੱਖਣਾ ਹੈ। ਗਫ਼ਲਤ ਨਹੀਂ ਕਰਨੀ ਹੈ। ਹੰਕਾਰ ਵਿੱਚ ਨਹੀਂ ਆਉਣਾ ਹੈ। ਸਰਵਿਸ ਦਾ ਸ਼ੌਂਕ ਵੀ ਰੱਖਣਾ ਹੈ ਨਾਲ - ਨਾਲ ਯਾਦ ਦੀ ਯਾਤਰਾ ਤੇ ਵੀ ਰਹਿਣਾ ਹੈ।

ਵਰਦਾਨ:- ਸਭ ਕੁਝ ਬਾਪ ਦੇ ਹਵਾਲੇ ਕਰ ਕਮਲ ਪੁਸ਼ਪ ਸਮਾਨ ਨਿਆਰੇ ਪਿਆਰੇ ਰਹਿਣ ਵਾਲੇ ਡਬਲ ਲਾਇਟ ਭਵ

ਬਾਪ ਦਾ ਬਣਨਾ ਮਤਲਬ ਸਭ ਬੋਝ ਬਾਪ ਨੂੰ ਦੇ ਦੇਣਾ। ਡਬਲ ਲਾਇਟ ਦਾ ਅਰਥ ਹੀ ਹੈ ਸਭ ਕੁਝ ਬਾਪ ਦੇ ਹਵਾਲੇ ਕਰਨਾ। ਇਹ ਤਨ ਵੀ ਮੇਰਾ ਨਹੀਂ। ਤਾਂ ਜਦੋਂ ਤਨ ਹੀ ਨਹੀਂ ਤੇ ਬਾਕੀ ਕੀ। ਤੁਸੀਂ ਸਭਦਾ ਵਾਇਦਾ ਹੀ ਹੈ ਤਨ ਵੀ ਤੇਰਾ, ਮਨ ਵੀ ਤੇਰਾ, ਧਨ ਵੀ ਤੇਰਾ - ਜਦੋਂ ਸਭ ਕੁਝ ਤੇਰਾ ਕਿਹਾ ਤਾਂ ਬੋਝ ਕਿਸ ਗੱਲ ਦਾ ਇਸਲਈ ਕਮਲ ਪੁਸ਼ਪ ਦਾ ਦ੍ਰਿਸ਼ਟਾਂਤ ਸਮ੍ਰਿਤੀ ਵਿੱਚ ਰੱਖ ਸਦਾ ਨਿਆਰੇ ਅਤੇ ਪਿਆਰੇ ਰਹੋ ਤਾਂ ਡਬਲ ਲਾਇਟ ਬਣ ਜਾਓਗੇ।

ਸਲੋਗਨ:- ਰੂਹਾਨੀਅਤ ਨਾਲ ਰੌਬ ਨੂੰ ਖ਼ਤਮ ਕਰ, ਖੁਦ ਨੂੰ ਸ਼ਰੀਰ ਦੀ ਸਮ੍ਰਿਤੀ ਤੋਂ ਗਲਾਉਂਣ ਵਾਲੇ ਹੀ ਸੱਚੇ ਪਾਂਡਵ ਹਨ।

******